# ਬੁੱੜੇਵਾਲ ਪਬਲਿਕ ਸਕੂਲ ਲੁਧਿਆਣਾ ਨੇ 3-0 ਨਾਲ ਜਿੱਤਿਆ ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ

## ਬੈਸਟ ਗੋਲਕੀਪਰ ਦਾ ਐਵਾਰਡ ਟੈਗੋਰ ਇੰਟਰਨੇਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਹਾਈਐਸਟ ਗੋਲ ਸਕੋਰਰ ਅਤੇ ਮੋਸਟ ਵੈਲਯੂਏਬਲ ਪਲੇਅਰ ਦਾ ਅਵਾਰਡ ਦੀਤਾ ਗਿਆ

ਲੁਧਿਆਣਾ 20 ਜਨਵਰੀ (ਪ.ਪ.) : ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਆਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ -38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ। 32 ਸਕੂਲਾਂ ਅਤੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ।

ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱੜੇਵਾਲ ਪਬਲਿਕ ਸਕੂਲ ਅਤੇ ਟੈਗੋਰ ਇੰਟਰਨੇਸ਼ਨਲ ਸਕੂਲ ਵਿਚਕਾਰ ਖੇਡਿਆ ਗਿਆ। ਬੁੱੜੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੇਸ਼ਨਲ ਸਕੂਲ ਨੂੰ 3-0 ਨਾਲ ਹਰਾ ਕੇ ਫਾਈਨਲ ਜਿੱਤ ਲਿਆ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ ਇਕ ਗੋਲ ਕੀਤਾ।

ਇਸ ਤੋਂ ਪਹਿਲਾਂ ਸੈਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਧਿਆਨ ਇੰਟਰਨੇਸ਼ਨਲ ਸਕੂਲ ਨਾਲ ਅਤੇ ਟੈਗੋਰ ਇੰਟਰਨੇਸ਼ਨਲ ਸਕੂਲ ਦਾ ਮੁਕਾਬਲਾ ਜੀਐਸਐਸਐਸ ਜਿੰਦਾਲੀ ਨਾਲ ਹੋਇਆ। ਬੁੱੜੇਵਾਲ ਪਬਲਿਕ ਸਕੂਲ ਨੇ ਧਿਆਨ ਇੰਟਰਨੇਸ਼ਨਲ ਸਕੂਲ ਨੂੰ 4-0 ਨਾਲ ਹਰਾ ਕੇ ਫਾਈਨਲ ਵਿਚ ਆਪਣਾ ਸਥਾਨ ਪੱਕਾ ਕੀਤਾ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਹਰਪ੍ਰੀਤ ਸਿੰਘ ਨੇ ਇਕ, ਸ਼ੰਨੂ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਟੈਗੋਰ ਇੰਟਰਨੈਸ਼ਨਲ ਸਕੂਲ ਅਤੇ ਜੀਐਸਐਸਐਸ



ਜਿੰਦਾਲੀ ਵਿਚਕਾਰ ਹੋਏ ਸੈਮੀ ਫਾਈਨਲ ਮੁਕਾਬਲੇ ਵਿੱਚ ਟੈਗੋਰ ਇੰਟਰਨੇਸ਼ਨਲ ਸਕੂਲ ਨੇ ਜੀਐਸਐਸਐਸ ਜਿੰਦਾਲੀ ਨੂੰ 1-0 ਨਾਲ ਹਰਾਇਆ। ਟੈਗੋਰ ਇੰਟਰਨੇਸ਼ਨਲ ਸਕੂਲ ਦੀ ਤਰਫ ਤੋਂ ਹਰਿੰਦਰਦੀਪ ਸਿੰਘ ਨੇ 1 ਗੋਲ ਕੀਤਾ।

ਬੈਸਟ ਗੋਲਕੀਪਰ ਦਾ ਅਵਾਰਡ ਟੈਗੋਰ ਇੰਟਰਨੇਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਹਾਈਐਸਟ ਗੋਲ ਸਕੋਰਰ ਅਤੇ ਮੋਸਟ ਵੈਲਯੂਏਬਲ ਪਲੇਅਰ ਦਾ ਅਵਾਰਡ ਦੀਤਾ ਗਿਆ।

ਟੂਰਨਾਮੈਂਟ ਦੇ ਹੈਡ ਸਕਾਊਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਹੇ ਹਨ ਤਾਂ ਜੋ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਖਿਡਾਰੀਆਂ ਦੀ ਖੋਜ ਹੋ ਸਕੇ।

ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਇਕ ਪਹਿਲ ਹੈ ਜੋ ਦੇਸ਼ ਭਰ ਦੇ ਸ਼ਹਿਰਾਂ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਹੁਣ ਤੀਕ 5 ਸ਼ਹਿਰਾਂ ਦੇ 180 ਤੋਂ ਜ਼ਿਆਦਾ ਸਕੂਲ ਅਤੇ 1900 ਤੋਂ ਜ਼ਿਆਦਾ ਵਿਦਿਆਰਥੀ ਭਾਗ ਲੈ ਰਹੇ ਹਨ। ਇਸ ਪਹਿਲ ਦੀ ਸ਼ੁਰੂਆਤ 2007 ਵਿੱਚ ਹੋਈ ਸੀ ਜਿਸ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਫੁੱਟਬਾਲ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਕਰਕੇ ਅਤੇ ਉਨ੍ਹਾਂ ਨੂੰ ਬੜ੍ਹਾਵਾ ਦੇ ਕੇ ਵਿਸ਼ਵਪੱਧਰੀ ਮੰਚ ਪ੍ਰਦਾਨ ਕਰਨਾ ਹੈ।